**ਪ੍ਰਧਾਨ ਮੰਤਰੀ ਨੂੰ ਨਾਮੀਬੀਆ ਦੇ ਸਰਬਉੱਚ ਨਾਗਰਿਕ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ (09 ਜੁਲਾਈ, 2025)**

09 ਜੁਲਾਈ 2025

ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਨਾਮੀਬੀਆ ਦੀ ਰਾਜਕੀ ਯਾਤਰਾ 'ਤੇ ਹਨ। ਇਸ ਅਵਸਰ 'ਤੇ ਨਾਮੀਬੀਆ ਦੇ ਰਾਸ਼ਟਰਪਤੀ, ਮਹਾਮਹਿਮ, ਨੇਟੁੰਬੋ ਨੰਦੀ-ਨਦੈਤਵਾਹ ਨੇ ਪ੍ਰਧਾਨ ਮੰਤਰੀ ਨੂੰ ਨਾਮੀਬੀਆ ਦੇ ਸਰਬਉੱਚ ਨਾਗਰਿਕ ਪੁਰਸਕਾਰ- 'ਆਰਡਰ ਆਫ਼ ਦ ਮੋਸਟ ਏਂਸ਼ਿਐਂਟ ਵੈਲਵਿਟਸਚੀਆ ਮੀਰਾਬਿਲਿਸ ਨਾਲ ਸਨਮਾਨਿਤ ਕੀਤਾ। ਉਹ ਇਹ ਪੁਰਸਕਾਰ ਪ੍ਰਾਪਤ ਕਰਨ ਵਾਲੇ ਪਹਿਲੇ ਭਾਰਤੀ ਨੇਤਾ ਹਨ।

2.ਪੁਰਸਕਾਰ ਸਵੀਕਾਰ ਕਰਦੇ ਹੋਏ ਪ੍ਰਧਾਨ ਮੰਤਰੀ ਨੇ ਇਹ ਸਨਮਾਨ 1.4 ਬਿਲੀਅਨ ਭਾਰਤਵਾਸੀਆਂ ਅਤੇ ਭਾਰਤ ਅਤੇ ਨਾਮੀਬੀਆ ਦੇ ਦਰਮਿਆਨ ਇਤਿਹਾਸਿਕ ਅਤੇ ਸਥਾਈ ਸਬੰਧਾਂ ਨੂੰ ਸਮਰਪਿਤ ਕੀਤਾ। ਪ੍ਰਧਾਨ ਮੰਤਰੀ ਨੇ ਇਸ ਸਨਮਾਨ ਦੇ ਲਈ ਰਾਸ਼ਟਰਪਤੀ ਨੰਦੀ-ਨਦੈਤਵਾਹ ਅਤੇ ਨਾਮੀਬੀਆ ਦੀ ਜਨਤਾ ਦਾ ਹਿਰਦੇ ਤੋਂ ਆਭਾਰ ਵਿਅਕਤ ਕੀਤਾ।

3. ਪ੍ਰਧਾਨ ਮੰਤਰੀ ਨੂੰ ਇਹ ਪੁਰਸਕਾਰ ਪ੍ਰਦਾਨ ਕੀਤਾ ਜਾਣਾ ਭਾਰਤ ਅਤੇ ਨਾਮੀਬੀਆ ਦੇ ਦਰਮਿਆਨ ਦੁਵੱਲੇ ਸਬੰਧਾਂ ਵਿੱਚ ਇੱਕ ਮਹੱਤਵਪੂਰਨ ਪੜਾਅ ਹੈ ਅਤੇ ਇਹ ਦੋਹਾਂ ਦੇਸ਼ਾਂ ਦੇ ਨੌਜਵਾਨਾਂ ਦੇ ਲਈ ਇਸ ਵਿਸ਼ੇਸ਼ ਦੁਵੱਲੀ ਸਾਂਝੇਦਾਰੀ ਨੂੰ ਹੋਰ ਅਧਿਕ ਉਚਾਈਆਂ ਤੱਕ ਲੈ ਜਾਣ ਹਿਤ ਪ੍ਰੇਰਣਾ ਦਾ ਸਰੋਤ ਹੈ।

ਵਿੰਡਹੋਕ

09 ਜੁਲਾਈ 2025